SET-3

**Series BVM/3**

ਕੋਡ ਨੰ. **227/3/3**

ਰੋਲ ਨੰਬਰ | | | | | | | |

Candidates must write the Code on the title page of the answer-book.

- ਕਿਰਪਾ ਕਰਕੇ ਨਿਰੀਖਣ ਕਰੋ ਲਵੋ ਕਿ ਇਸ ਪ੍ਰਸ਼ਨ ਪੱਤਰ ਤੇ ਛਪੇ ਹੋਏ **8** ਪੰਨੇ **+ 2** ਮਾਨਚਿੱਤਰ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਗਏ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **22** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀ ਲਿਖਣਗੇ ।
- Please check that this question paper contains **8** printed pages **+ 2** Maps.
- Code number given on the right hand side of the question paper should be written on the title page of the answer-book by the candidate.
- Please check that this question paper contains **22** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਭੂਗੋਲ (ਸਿਧਾਂਤਕ)

## (ਪੰਜਾਬੀ ਉਲਥਾ)

# GEOGRAPHY (Theory)

**(Punjabi Version)**

*ਸਮਾਂ ਸੀਮਾਂ : 3 ਘੰਟੇ* | *ਪੂਰਨ ਅੰਕ : 70*

*Time allowed : 3 hours* | *Maximum Marks : 70*

***ਵਿਆਪਕ ਨਿਰਦੇਸ਼ :***

*(i)* *ਇਸ ਪ੍ਰਸ਼ਨ ਪਤ੍ਰ ਵਿਚ ਕੁਲ* ***22*** *ਪ੍ਰਸ਼ਨ ਹਨ ।*

*(ii)* ***ਸਾਰੇ*** *ਪ੍ਰਸ਼ਨ ਜ਼ਰੂਰੀ ਹਨ ।*

*(iii)* *ਪ੍ਰਸ਼ਨ ਸੰਖਿਆ* ***1*** *ਤੋਂ* ***7*** *ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ* ***1*** *ਅੰਕ ਦਾ ਹੈ । ਹਰ ਇਕ ਪ੍ਰਸ਼ਨ ਦਾ ਉੱਤਰ* ***40*** *ਸ਼ਬਦਾਂ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ ਹੈ ।*

*(iv)* *ਪ੍ਰਸ਼ਨ ਸੰਖਿਆ* ***8*** *ਤੋਂ* ***13*** *ਛੋਟੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ* ***3*** *ਅੰਕ ਦਾ ਹੈ । ਹਰ ਇਕ ਪ੍ਰਸ਼ਨ ਦਾ ਉੱਤਰ* ***80 – 100*** *ਸ਼ਬਦਾਂ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ ਹੈ ।*

*(v)* *ਪ੍ਰਸ਼ਨ ਸੰਖਿਆ* ***14*** *ਤੋਂ* ***20*** *ਲੰਬੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ* ***5*** *ਅੰਕ ਦਾ ਹੈ । ਹਰ ਇਕ ਪ੍ਰਸ਼ਨ ਦਾ ਉੱਤਰ* ***150*** *ਸ਼ਬਦਾਂ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ ਹੈ ।*

*(vi)* *ਪ੍ਰਸ਼ਨ ਸੰਖਿਆ* ***21*** *ਭੌਗੋਲਿਕ ਲਛੱਣਾਂ ਨੂੰ ਪਹਚਾਨਣ ਅਤੇ ਉਨ੍ਹਾਂ ਦੇ ਨਾਮ ਲਿਖਣ ਤੋਂ ਸੰਬੰਧਿਤ ਹੈ,* *ਪ੍ਰਸ਼ਨ ਸੰਖਿਆ* ***22*** *ਭੌਗੋਲਿਕ ਲਛੱਣਾਂ ਦੀ ਸਥਿਤੀ ਨੂੰ ਢੁਕਵੇਂ ਚਿਨ੍ਹਾਂ ਤੋਂ ਦਰਸ਼ਾਣ ਤੋਂ ਸੰਬੰਧਿਤ ਹੈ । ਹਰ ਇਕ ਪ੍ਰਸ਼ਨ* ***5*** *ਅੰਕ ਦਾ ਹੈ ।*

*(vii)* *ਆਪਣੇ ਦਿੱਤੇ ਗਏ* ***ਸੰਸਾਰ*** *ਅਤੇ* ***ਭਾਰਤ*** *ਦੇ ਰੇਖਾ ਮਾਨਚਿੱਤਰਾਂ ਨੂੰ ਉੱਤਰ-ਪੁਸਤਿਕਾ ਵਿੱਚ ਜ਼ਰੂਰ ਨੱਥੀ ਕਰੋ ।*

*(viii)* *ਰੇਖਾ ਮਾਨਚਿੱਤਰ ਬਨਾਉਣ ਲਈ* ***ਸਾਂਚਿਆਂ*** *ਤੇ* ***ਸਟੈਂਸਲਾਂ*** *ਦੀ ਵਰਤੋਂ ਲਈ ਆਗਿਆ ਦਿੱਤੀ ਜਾਂਦੀ ਹੈ ।*

**ਭਾਗ ਅ**

**1.** 'ਯੰਤਰੀਕਰਨ' (ਮਕੈਨਿਜ਼ਮ) ਸ਼ਬਦ ਦਾ ਵਿਸ਼ਲੇਸ਼ਣ ਕਰੋ । *1*

**ਜਾਂ**

'ਨਿਰਮਾਣ' (ਮੈਨੂਫੇਕਚਰਿੰਗ) ਸ਼ਬਦ ਦਾ ਵਿਸ਼ਲੇਸ਼ਣ ਕਰੋ । *1*

2. 'ਨਰਸ' ਦਾ ਕੰਮ ਕਿਸ ਸਰਗਰਮੀ (ਕਿਰਿਆਕਲਾਪ) ਦੇ ਅਧੀਨ ਆਂਦਾ ਹੈ ? *1*

3. ਗ੍ਰਿਫਿਥ ਟੇਲਰ ਰਾਹੀਂ ਪੇਸ਼ ਕੀਤੀ ਗਈ ਧਾਰਨਾ (ਸੰਕਲਪ) ਦਾ ਮੁਲਾਂਕਣ ਕਰੋ । *1*

4. ਪਾਰਾਦੀਪ ਵਿਚ ਸਮੁੰਦਰੀ ਬੰਦਰਗਾਹ ਦਾ ਵਿਕਾਸ ਕਿਉਂ ਕੀਤਾ ਗਿਆ ? *1*

5. ਪਾਣੀ ਰਾਹੀਂ ਆਵਾਜਾਈ, ਭਾਰੀ ਅਤੇ ਵਡੇ ਆਕਾਰ ਦੀ ਸਮਗਰੀ ਦੀ ਢੋਆ ਢੁਆਈ ਦੇ ਲਈ ਸਭ ਤੋਂ ਢੁਕਵੀਂ ਕਿਉਂ ਹੈ ? *1*

6. ਖਣਿਜ ਦੇ ਰੂਪ ਬਾੱਕਸਾਈਟ ਦੀ ਕੀ ਉਪਯੋਗਤਾ ਹੈ ? *1*

**ਜਾਂ**

'ਖਣਿਜ' ਸ਼ਬਦ ਦੀ ਪਰਿਭਾਸ਼ਾ ਲਿੱਖੋ । *1*

7. ਪੇਂਡੂ ਅਤੇ ਸ਼ੈਹਰੀ ਬਸਤੀਆਂ ਵਿਚ ਕਾਰ-ਵਿਹਾਰ ਦੇ ਅਧਾਰ ਤੇ ਅੰਤਰ ਸਪਸ਼ਟ ਕਰੋ । *1*


**ਜਾਂ**

ਪੇਂਡੂ ਅਤੇ ਸ਼ੈਹਰੀ ਬਸਤੀਆਂ ਵਿਚ ਸਮਾਜਿਕ ਸੰਬੰਧਾਂ ਦੇ ਅਧਾਰ ਤੇ ਅੰਤਰ ਸਪਸ਼ਟ ਕਰੋ । *1*

## ਭਾਗ ਬ

8. ਸੰਸਾਰ ਵਿਚ 'ਡੇਰੀ ਫਾਰਮਿੰਗ' ਦੀਆਂ ਕਿਸੇ ਤਿੰਨ ਵਿਸ਼ੇਸ਼ਤਾਵਾਂ ਦੀ ਪਰਖ ਕਰੋ । *1×3=3*

**9.** ਹੇਠ ਦਿੱਤੇ ਗਏ ਮਾਨਚਿੱਤਰ ਦਾ ਧਿਆਨ ਨਾਲ ਅਧਿਐਨ ਕਰੋ ਅਤੇ ਇਸਦੇ ਹੇਠ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿੱਖੋ : *1+1+1=3*




(9.1) ਇਸ ਜਲ ਮਾਰਗ ਨੂੰ ਪਛਾਣੋ ਅਤੇ ਇਸਦਾ ਨਾਮ ਲਿੱਖੋ ।

(9.2) ਇਹ ਜਲ ਮਾਰਗ ਕਿਹੜੇ ਕਿਹੜੇ ਦੇਸ਼ਾਂ ਵਿਚੋਂ ਗੁਜ਼ਰਦਾ ਹੈ ?


(9.3) ਇਸ ਜਲ ਮਾਰਗ ਦੀ ਆਰਥਿਕ ਮਹਤਤਾ ਨੂੰ ਸਪਸ਼ਟ ਕਰੋ ।

***ਨੋਟ:*** *ਹੇਠ ਲਿਖਿਆ ਪ੍ਰਸ਼ਨ ਕੇਵਲ **ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ** ਦੇ ਲਈ ਪ੍ਰਸ਼ਨ ਸੰਖਿਆ 9 ਦੇ ਥਾਂ ਬਦਲਵਾਂ ਪ੍ਰਸ਼ਨ ਹੈ :*

ਡੇਨਯੂਬ ਅੰਦਰੂਨੀ ਜਲ ਮਾਰਗ ਦੀਆਂ ਕਿਸੇ ਤਿੰਨ ਵਿਸ਼ੇਸ਼ਤਾਵਾਂ ਨੂੰ ਸਪਸ਼ਟ ਕਰੋ । *1×3=3*

**10.** ਮਨੁੱਖੀ ਵਿਕਾਸ ਦੇ ਮੱਧਮ ਸਤਰਾਂ ਵਾਲੇ ਦੇਸ਼ਾਂ ਦੀਆਂ ਕਿਸੇ ਤਿੰਨ ਵਿਸ਼ੇਸ਼ਤਾਵਾਂ ਦਾ ਵਿਸ਼ਲੇਸ਼ਣ ਕਰੋ । *1×3=3*

**11.** ਹੇਠ ਦਿਤੇ ਗਏ ਰੇਖਾ ਚਿੱਤਰ ਦਾ ਅਧਿਐਨ ਕਰੋ ਅਤੇ ਇਸਦੇ ਹੇਠ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿੱਖੋ : *1×3=3*




(11.1) ਉਸ ਰਾਜ ਦਾ ਨਾਮ ਲਿੱਖੋ ਜਿਸ ਵਿਚ ਇਹ ਸਟੀਲ ਪਲਾਂਟ ਸਥਿਤ ਹੈ ।

(11.2) ਇਸ ਪਲਾਂਟ (ਕਾਰਖਾਨੇ) ਨੂੰ ਕਿਹੜਾ ਰੇਲਮਾਰਗ ਆਵਾਜਾਈ ਅਤੇ ਢੋਆ ਢੁਆਈ ਦੀ ਸੁਵਿਧਾ ਪ੍ਰਦਾਨ ਕਰਦਾ ਹੈ ?

(11.3) ਇਸ ਸਟੀਲ ਪਲਾਂਟ ਦੇ ਲਈ ਪਾਵਰ (ਸ਼ਕਤੀ) ਦਾ ਮੁੱਖ ਸਰੋਤ ਕਿਹੜਾ ਹੈ ?

***ਨੋਟ:*** *ਹੇਠ ਲਿਖਿਆ ਪ੍ਰਸ਼ਨ ਕੇਵਲ **ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ** ਦੇ ਲਈ ਪ੍ਰਸ਼ਨ ਸੰਖਿਆ 11 ਦੇ ਥਾਂ ਬਦਲਵਾਂ ਪ੍ਰਸ਼ਨ ਹੈ :*

ਟਾਟਾ ਸਟੀਲ ਪਲਾਂਟ ਦੀਆਂ ਕਿਸੇ ਤਿੰਨ ਵਿਸ਼ੇਸ਼ਤਾਵਾਂ ਦਾ ਵਰਨਨ ਕਰੋ । *1×3=3*

**12.** ਸੰਸਾਰ ਵਿਚ ਅਬਾਦੀ ਦੇ ਕੰਟਰੋਲ ਵਿਚ ਸਹਾਇਕ ਹੋਣ ਵਾਲੇ ਕਿਸੇ ਤਿੰਨ ਉਪਾਵਾਂ ਦੀ ਉਦਾਹਰਣਾਂ ਦੇ ਕੇ ਵਿਆਖਿਆ ਕਰੋ । *1×3=3*

**ਜਾਂ**

ਸੰਸਾਰ ਵਿਚ ਪੌਣਪਾਣੀ (ਜਲਵਾਯੂ) ਅਬਾਦੀ ਦੀ ਵੰਡ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ ? ਉਦਾਹਰਣਾਂ ਦੇ ਕੇ ਸਪਸ਼ਟ ਕਰੋ । *2+1=3*

**13.** ਭਾਰਤ ਵਿਚ 'ਝੁੰਡ (ਗੁੱਛਾ-ਮੁੱਛਾ) ਪੇਂਡੂ ਬਸਤੀਆਂ' ਦੀਆਂ ਕਿਸੇ ਤਿੰਨ ਵਿਸ਼ੇਸ਼ਤਾਵਾਂ ਦਾ ਮੁਲਾਂਕਣ ਕਰੋ । *1×3=3*

**ਜਾਂ**

ਭਾਰਤ ਵਿਚ ਪੇਂਡੂ ਬਸਤੀਆਂ ਦੇ ਵੱਖੋ ਵੱਖ ਪ੍ਰਕਾਰਾਂ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ ਦਾ ਮੁਲਾਂਕਣ ਕਰੋ । *1×3=3*

**ਭਾਗ ਸ**

**14.** ਅੰਤਰਰਾਸ਼ਟਰੀ ਵਪਾਰ ਦੇ ਵਿਕਾਸ ਦੀ ਉਦਾਹਰਣਾਂ ਸਹਿਤ ਵਿਆਖਿਆ ਕਰੋ । *5*

**ਜਾਂ**

ਅੰਤਰਰਾਸ਼ਟਰੀ ਵਪਾਰ ਦੇ ਅਧਾਰ ਦੇ ਰੂਪ ਵਿਚ ਜਨਸੰਖਿਆ ਕਾਰਕ ਨੂੰ ਉਦਾਹਰਣਾਂ ਦੇ ਕੇ ਸਪਸ਼ਟ ਕਰੋ । *5*

**15.** ਸੰਸਾਰ ਵਿਚ ਵਿਕਾਸਸ਼ੀਲ ਦੇਸ਼ਾਂ ਦੀਆਂ ਪੇਂਡੂ ਬਸਤੀਆਂ ਦੀਆਂ ਸਮਸਿਆਵਾਂ ਨੂੰ ਉਦਾਹਰਣਾਂ ਦੇ ਕੇ ਸਪਸ਼ਟ ਕਰੋ । *1×5=5*

**16.** 'ਵਪਾਰਕ ਕੇਂਦਰ' ਸ਼ਬਦ ਦੀ ਪਰਿਭਾਸ਼ਾ ਲਿੱਖੋ । ਸੰਸਾਰ ਵਿਚ 'ਫੁਟਕਲ ਵਪਾਰ' ਅਤੇ 'ਥੋਕ ਵਪਾਰ' ਵਿਚ ਅੰਤਰ ਸਪਸ਼ਟ ਕਰੋ । *1+4=5*

**17.** ਜਲ ਸੰਸਾਧਨਾਂ ਦੇ ਸੁਰਖਿਅਣ ਦੇ ਲਈ, ਬਰਸਾਤੀ ਪਾਣੀ ਦਾ ਸੰਗ੍ਰਹਣ ਦੀਆਂ ਕਿਸੇ ਦੋ ਵਿਧੀਆਂ ਦੀ ਮਹਤਤਾ ਦਾ ਵਰਨਨ ਕਰੋ । $2\frac{1}{2}+2\frac{1}{2}=5$

**18.** ਮਾਲਕਾਨਾ ਹੱਕ ਦੇ ਅਧਾਰ ਤੇ ਭੌਂ (ਧਰਤੀ) ਦਾ ਮੋਟੇ ਤੌਰ ਤੇ ਦੋ ਵਰਗਾਂ ਵਿਚ ਵਰਗੀਕਰਣ ਕਰੋ । ਹਰ ਇਕ ਵਰਗ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਦਾ ਵਰਨਨ ਕਰੋ । *1+2+2=5*

**19.** ਭਾਰਤ ਵਿਚ ਪ੍ਰਵਾਸ ਦੇ ਦੋਨੋਂ ਖੇਤਰਾਂ, ਅਰੰਭਕ (ਉਦਗਮ) ਅਤੇ ਪਹੁੰਚ (ਗੰਤਵਯ) ਥਾਵਾਂ ਤੇ ਪੈਣ ਵਾਲੇ ਆਰਥਿਕ ਨਤੀਜਿਆਂ ਦਾ ਵਰਨਨ ਕਰੋ । *1×5=5*

**ਜਾਂ**

ਭਾਰਤ ਦੀ ਜਨਗਣਨਾ ਵਿਚ ਪ੍ਰਵਾਸ ਦੀ ਗਣਨਾ ਦੇ ਦੋ ਅਧਾਰਾਂ ਦਾ ਵਰਨਨ ਕਰੋ । ਭਾਰਤ ਵਿਚ ਅੰਦਰੂਨੀ ਪ੍ਰਵਾਸ ਦੀਆਂ ਚਾਰ ਧਾਰਾਵਾਂ ਦੀ ਵਿਆਖਿਆ ਕਰੋ । *1+4=5*

**20.** 'ਭਰਮੌਰ' ਖੇਤਰ ਵਿਚ 'ਏਕੀਕਰਿਤ (ਸਮਨਵਿਤ) ਜਨਜਾਤੀ ਵਿਕਾਸ ਪਰਿਯੋਜਨਾ' ਦਾ ਵਿਸ਼ਲੇਸ਼ਣ ਕਰੋ । *5*

**21.** **ਸੰਸਾਰ** ਦੇ ਦਿੱਤੇ ਗਏ ਰਾਜਨੀਤਕ ਰੇਖਾ-ਮਾਨਚਿੱਤਰ (ਪੰਨਾ 9 ਤੇ) ਵਿਚ ਪੰਜ ਭੌਗੋਲਿਕ ਲੱਛਣ A, B, C, D ਅਤੇ E ਦਿਖਾਏ ਗਏ ਹਨ । ਹੇਠ ਦਿਤੀ ਗਈ ਜਾਣਕਾਰੀ ਦੀ ਮਦਦ ਨਾਲ ਇਨ੍ਹਾਂ ਲੱਛਣਾਂ ਨੂੰ ਪਛਾਣੋ ਅਤੇ ਉਨ੍ਹਾਂ ਦੇ ਸਹੀ ਨਾਮ ਉਨ੍ਹਾਂ ਦੇ ਕੋਲ ਖਿੱਚੀਆਂ ਗਈਆਂ ਰੇਖਾਵਾਂ ਉੱਪਰ ਲਿੱਖੋ : *1×5=5*

A. ਸਭ ਤੋਂ ਵਧ ਜਨਸੰਖਿਆ ਵਾਧਾ ਦਰ ਵਾਲਾ ਦੇਸ਼

B. ਭੂਮੱਧਸਾਗਰੀ ਖੇਤੀ ਦਾ ਇਕ ਖੇਤਰ

C. ਮੇਗਾ ਸਿਟੀ

D. ਖੇਤਰਫਲ ਦੀ ਨਜ਼ਰ ਤੋਂ ਮਹਾਂਦੀਪ ਦਾ ਇਕ ਵੱਡਾ ਦੇਸ਼

E. ਅੰਤਰਰਾਸ਼ਟਰੀ ਹਵਾਈ ਅੱਡਾ

***ਨੋਟ:*** *ਹੇਠ ਲਿਖਿਆ ਪ੍ਰਸ਼ਨ ਕੇਵਲ **ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ** ਦੇ ਲਈ ਪ੍ਰਸ਼ਨ ਸੰਖਿਆ 21 ਦੇ ਥਾਂ ਬਦਲਵਾਂ ਪ੍ਰਸ਼ਨ ਹੈ :*

(21.1) ਸੰਸਾਰ ਵਿਚ ਸਭ ਤੋਂ ਵਧ ਜਨਸੰਖਿਆ ਵਾਧਾ ਦਰ ਵਾਲੇ ਦੇਸ਼ ਦਾ ਨਾਮ ਲਿੱਖੋ ।

(21.2) ਆਸਟ੍ਰੇਲਿਆ ਦੇ ਕਿਸੇ ਇਕ ਭੂਮੱਧਸਾਗਰੀ ਖੇਤੀ ਖੇਤਰ ਦਾ ਨਾਮ ਲਿਖੋ ।

(21.3) ਜਪਾਨ ਦੇ ਕਿਸੇ ਇਕ ਮੇਗਾ ਸਿਟੀ ਦਾ ਨਾਮ ਲਿੱਖੋ ।

(21.4) ਉੱਤਰੀ ਅਮਰੀਕਾ ਵਿਚ ਖੇਤਰਫਲ ਦੀ ਨਜ਼ਰ ਤੋਂ ਸਭ ਤੋਂ ਵੱਡਾ ਦੇਸ਼ ਕਿਹੜਾ ਹੈ ?

(21.5) ਦੱਖਣੀ ਅਮਰੀਕਾ ਦੇ ਕਿਸੇ ਇਕ ਅੰਤਰਰਾਸ਼ਟਰੀ ਹਵਾਈ ਅੱਡੇ ਦਾ ਨਾਮ ਲਿੱਖੋ ।

*1×5=5*

**22.** **ਭਾਰਤ** ਦੇ ਦਿੱਤੇ ਹੋਏ ਰਾਜਨੀਤਿਕ ਰੇਖਾ-ਮਾਨਚਿੱਤਰ (ਪੰਨਾ 11 ਤੇ) ਵਿਚ ਹੇਠ ਲਿੱਖੇ ਭੌਗੋਲਿਕ ਲੱਛਣਾਂ ਵਿਚੋਂ ***ਕਿਸੇ ਪੰਜ*** ਨੂੰ ਢੁਕਵੇਂ ਚਿਨ੍ਹਾਂ ਨਾਲ ਦਰਸਾਓ ਅਤੇ ਉਨ੍ਹਾਂ ਦੇ ਨਾਮ ਲਿੱਖੋ : *1×5=5*

(22.1) ਮਨੁੱਖੀ ਵਿਕਾਸ ਸੂਚਕਅੰਕ ਦੇ ਦਰਜੇ ਵਿਚ ਸਭ ਤੋਂ ਮੋਹਰੀ ਰਾਜ

(22.2) ਸਭ ਤੋਂ ਜ਼ਿਆਦਾ ਜਨਸੰਖਿਆ ਘਣਤਾ (2011) ਵਾਲਾ ਰਾਜ

(22.3) ਮੂੰਗਫਲੀ ਦਾ ਸਭ ਤੋਂ ਵਧ ਪੈਦਾਵਾਰ ਕਰਨ ਵਾਲਾ ਰਾਜ

(22.4) ਬੇਲਾਡਿਲਾ – ਲੋਹਾ ਕੱਚੀ ਧਾਤ ਖਾਣ ਦਾ ਖੇਤਰ

(22.5) ਪੰਜਾਬ ਵਿਚ ਤੇਲ ਸ਼ੋਧਕ ਕਾਰਖਾਨਾ

(22.6) ਕਰਨਾਟਕ ਵਿਚ ਸੂਤੀ ਕਪੜਾ ਉਦਯੋਗ ਕੇਂਦਰ

(22.7) ਆਂਧਰ ਪ੍ਰਦੇਸ਼ ਵਿਚ ਪ੍ਰਮੁਖ ਸਮੁੰਦਰੀ ਬੰਦਰਗਾਹ

(22.8) ਪੂਰਬ-ਪੱਛਮ ਗਲਿਆਰੇ ਦਾ ਪੂਰਬੀ ਸਿਰੇ ਦਾ ਥਾਂ

***ਨੋਟ:*** *ਹੇਠ ਲਿਖਿਆ ਪ੍ਰਸ਼ਨ ਕੇਵਲ **ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ** ਦੇ ਲਈ ਪ੍ਰਸ਼ਨ ਸੰਖਿਆ 22 ਦੇ ਥਾਂ ਬਦਲਵਾਂ ਪ੍ਰਸ਼ਨ ਹੈ । **ਕਿਸੇ ਪੰਜ** ਪ੍ਰਸ਼ਨਾਂ ਦੇ ਉੱਤਰ ਲਿਖੋ ।*

(22.1) ਭਾਰਤ ਦੇ ਕਿਹੜੇ ਰਾਜ ਵਿਚ ਮਨੁੱਖੀ ਵਿਕਾਸ ਸੂਚਕਅੰਕ ਦਾ ਦਰਜਾ ਸਭ ਤੋਂ ਉਪਰ ਹੈ ?

(22.2) ਭਾਰਤ ਦੇ ਕਿਹੜੇ ਰਾਜ ਵਿਚ ਜਨਸੰਖਿਆ ਦੀ ਘਣਟਾ (2011) ਸਭ ਤੋਂ ਜ਼ਿਆਦਾ ਹੈ ?

(22.3) ਭਾਰਤ ਵਿਚ ਮੂੰਗਫਲੀ ਦਾ ਸਭ ਤੋਂ ਵਧ ਪੈਦਾਵਾਰ ਕਰਨ ਵਾਲਾ ਰਾਜ ਕਿਹੜਾ ਹੈ ?

(22.4) ਬੇਲਾਡਿਲਾ – ਲੋਹਾ ਕੱਚੀ ਧਾਤ ਖਾਣ ਦਾ ਖੇਤਰ ਕਿਸ ਰਾਜ ਵਿਚ ਸਥਿਤ ਹੈ ?

(22.5) ਪੰਜਾਬ ਵਿਚ ਸਥਿਤ ਤੇਲ ਸ਼ੋਧਕ ਕਾਰਖਾਨੇ ਦਾ ਨਾਮ ਲਿੱਖੋ ।

(22.6) ਕਰਨਾਟਕ ਵਿਚ ਸਥਿਤ ਕਿਸੇ ਇਕ ਸੂਤੀ ਕਪੜਾ ਉਦਯੋਗ ਕੇਂਦਰ ਦਾ ਨਾਮ ਲਿੱਖੋ ।


(22.7) ਆਂਧਰ ਪ੍ਰਦੇਸ਼ ਵਿਚ ਸਥਿਤ ਪ੍ਰਮੁੱਖ ਸਮੁੰਦਰੀ ਬੰਦਰਗਾਹ ਦਾ ਨਾਮ ਲਿੱਖੋ ।

(22.8) ਪੂਰਬ–ਪੱਛਮ ਗਲਿਆਰੇ ਦੇ ਪੂਰਬੀ ਸਿਰੇ ਦੇ ਥਾਂ ਦਾ ਨਾਮ ਲਿੱਖੋ । *1×5=5*

ਪ੍ਰਸ਼ਨ ਸੰ. 21 ਦੇ ਲਈ

**ਸੰਸਾਰ-ਰਾਜਨੀਤਕ**

**WORLD-POLITICAL**



ਪ੍ਰਸ਼ਨ ਸੰ. 22 ਦੇ ਲਈ

## ਭਾਰਤ ਦਾ ਰੇਖਾ–ਮਾਨਚਿੱਤਰ (ਰਾਜਨੀਤਕ)

## Outline Map of India (Political)

